## ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਵਿਭਾਗ

ਪੰਜਾਬ ਸਰਕਾਰ ਨੇ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਜਿਸ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਹੈ, ਨੂੰ ਸੰਨ 1970 ਵਿਚ ਸਿੰਚਾਈ ਵਿਭਾਗ ਦੇ ਹਿੱਸੇ ਵਜੋਂ ਹੋਂਦ ਵਿਚ ਲਿਆਂਦਾ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੁਲ 438 ਡੂੰਘੇ ਟਿਊਬਵੈਲ ਵੱਖ-ਵੱਖ ਬਲਾਕਾਂ ਵਿਚ ਲਗਾਏ ਗਏ ਸਨ। ਜਿਨ੍ਹਾਂ ਵਿਚੋਂ 68 ਟਿਊਬਵੈਲ 25 ਸਾਲ ਤੋਂ ਵੱਧ ਲਗਾਤਾਰ ਚੱਲਣ ਕਾਰਨ ਮਿਆਦ ਪੂਰੀ ਹੋਣ ਕਰਕੇ ਨਕਾਰਾ ਹੋ ਗਏ ਹਨ ਅਤੇ ਇਸ ਸਮੇਂ 370 ਟਿਊਬਵੈਲ ਗੜ੍ਹਸ਼ੰਕਰ, ਮਾਹਿਲਪੁਰ, ਬਜਵਾੜਾ, ਹੁਸ਼ਿਆਰਪੁਰ, ਭੂੰਗਾ, ਟਾਂਡਾ, ਦਸੂਹਾ, ਮੁਕੇਰੀਆਂ, ਹਾਜੀਪੁਰ ਅਤੇ ਤਲਵਾੜਾ ਬਲਾਕਾਂ ਵਿਚ ਚਲਾਏ ਜਾ ਰਹੇ ਹਨ। ਇਹਨਾਂ ਟਿਊਬਵੈਲਾਂ ਹੇਠ ਹੁਸ਼ਿਆਰਪੁਰ ਜ਼ਿਲ੍ਹੇ ਦਾ 65000 ਏਕੜ ਤੋਂ ਵੀ ਵੱਧ ਰਕਬਾ ਡੂੰਘੇ ਟਿਊਬਵੈਲਾਂ ਰਾਹੀਂ ਸਿੰਚਾਈ ਅਧੀਨ ਹੈ।

ਹੁਸ਼ਿਆਰਪੁਰ ਜ਼ਿਲ੍ਹੇ ਵਿਚ 450 ਤੋਂ 650 ਡੂੰਘੇ ਟਿਊਬਵੈਲ ਲਗਾਏ ਗਏ ਹਨ। ਜ਼ਮੀਨ ਹੇਠਲੀਆਂ ਪਰਤਾਂ ਸਖਤ ਹਨ, ਪਥਰੀਲੀਆਂ ਹਨ। ਇਹਨਾਂ ਟਿਊਬਵੈਲਾਂ ਨੂੰ ਮੁਕੰਮਲ ਕਰਨ ਤੇ ਪ੍ਰਤੀ ਟਿਊਬਵੈਲ ਖਰਚਾ ਲਗਭਗ 18/- ਲੱਖ ਰੁਪਏ ਆਉਂਦਾ ਹੈ। ਇਹਨਾਂ ਟਿਊਬਵੈਲਾਂ ਤੋਂ 1.00 ਕਿਊਸਿਕ ਤੋਂ 1.50 ਕਿਊਸਿਕ ਤੱਕ ਜਲ ਨਿਕਾਸ ਪ੍ਰਾਪਤ ਹੁੰਦਾ ਹੈ। ਉੱਚੇ ਨੀਂਵੇ ਰਕਬਿਆਂ ਦੀ ਸਿੰਚਾਈ ਲਈ 2500 ਮੀਟਰ ਤੋਂ 3000 ਮੀਟਰ ਤੱਕ ਜ਼ਮੀਨ ਦੋਜ਼ ਪਾਇਪਾਂ ਵਿਛਾਈਆਂ ਜਾਂਦੀਆਂ ਹਨ। ਸਕੀਮ ਮਹਿਕਮੇ ਦੇ ਅਧਿਕਾਰੀਆਂ ਵਲੋਂ ਜ਼ਮੀਂਦਾਰਾਂ ਦੀ ਸਹਿਮਤੀ ਨਾਲ ਤਿਆਰ ਕੀਤੀ ਜਾਂਦੀ ਹੈ। ਚੱਕ ਅੰਦਰ ਵੱਖ-ਵੱਖ ਥਾਵਾਂ ਤੇ ਪਾਈਪ ਲਾਈਨ ਤੋਂ ਮੋਗੇ ਕੱਢੇ ਜਾਂਦੇ ਹਨ, ਤਾਂ ਜੋ ਕੱਚੇ ਖਾਲਿਆਂ ਦੀ ਲੰਬਾਈ ਨੂੰ ਘਟਾਇਆ ਜਾਵੇ। ਇਸ ਤਰ੍ਹਾਂ 20 ਤੋਂ 25 ਪ੍ਰਤੀਸ਼ਤ ਪਾਣੀ ਦੀ ਬਚਤ ਹੋ ਜਾਂਦੀ ਹੈ। ਜਿਥੇ ਜ਼ਮੀਂਦਾਰ ਅਸਾਨੀ ਨਾਲ ਸਿੰਚਾਈ ਕਰ ਲੈਂਦੇ ਹਨ, ਉਥੇ ਸਿੰਚਾਈ ਤੇ ਪ੍ਰਤੀ ਏਕੜ ਖਰਚਾ ਵੀ ਘੱਟ ਆਉਂਦਾ ਹੈ।

ਸਾਰੇ ਪਿੰਡਾਂ ਵਿਚ ਵਾਟਰ ਯੂਜਰ ਕਮੇਟੀਆਂ ਬਣਾਈਆਂ ਹੋਈਆਂ ਹਨ ਅਤੇ ਟਿਊਬਵੈਲਾਂ ਤੇ ਪ੍ਰਬੰਧ ਚਲਾਉਣ ਲਈ ਟਿਊਬਵੈਲ ਓਪਰੇਟਰ ਤਾਇਨਾਤ ਕੀਤੇ ਹੋਏ ਹਨ। ਵਾਟਰ ਯੂਜਰ ਕਮੇਟੀਆਂ ਦੀ ਸਹਿਮਤੀ ਨਾਲ ਬਣਦੀ ਵਾਰੀ ਸਿਰ ਪਾਣੀ ਦੀ ਵੰਡ ਕੀਤੀ ਜਾਂਦੀ ਹੈ। ਹਰ ਕਿਸਮ ਦੇ ਝਗੜੇ ਮਹਿਕਮੇ ਦੇ ਅਧਿਕਾਰੀਆਂ ਵਲੋਂ ਜੰਗੀ ਪੱਧਰ ਤੇ ਯੂਜਰ ਕਮੇਟੀਆਂ ਦੀ ਮਦਦ ਨਾਲ ਹੱਲ ਕੀਤੇ ਜਾਂਦੇ ਹਨ ਤਾਂ ਜੋ ਟਿਊਬਵੈਲਾਂ ਦੇ ਹੱਕ ਅੰਦਰ ਪੈਂਦੀ ਜ਼ਮੀਨ ਦੀ ਸਿੰਚਾਈ ਯਕੀਨੀ ਬਣਾਈ ਜਾ ਸਕੇ। ਟਿਊਬਵੈਲਾਂ ਦੀ ਮੁਰੰਮਤ ਲਈ ਮਹਿਕਮੇ ਕੋਲ ਮਕੈਨਿਕਲ ਗੈਂਗਾਂ ਦਾ ਪ੍ਰਬੰਧ ਹੈ ਅਤੇ ਵਿਭਾਗ ਵਲੋਂ ਉਪਰਾਲਾ ਕੀਤਾ ਜਾਂਦਾ ਹੈ ਕਿ ਟਿਊਬਵੈਲਾਂ ਨੂੰ ਛੇਤੀ ਤੋਂ ਛੇਤੀ ਠੀਕ ਕੀਤਾ ਜਾਵੇ। ਟਿਊਬਵੈਲਾਂ ਨੂੰ ਲਗਾਉਣ ਲਈ ਮਹਿਕਮੇ ਕੋਲ ਡਰਿਲਿੰਗ ਰਿਗਾਂ ਮੌਜੂਦ ਹਨ ਜਿਨ੍ਹਾਂ ਵਿਚ ਦੋ ਰਿਗਾਂ ਜਪਾਨ ਤੋਂ ਵੀ ਪ੍ਰਾਪਤ ਹੋਈਆਂ ਹਨ। ਵਿਭਾਗ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਤਲਵਾੜਾ, ਮੁਕੇਰੀਆਂ, ਦਸੂਹਾ, ਭੂੰਗਾ, ਮਾਹਿਲਪੁਰ, ਬਜਵਾੜਾ, ਗੜ੍ਹਸ਼ੰਕਰ ਬਲਾਕਾਂ ਵਿਚ 100 ਹੋਰ ਡੂੰਘੇ ਟਿਊਬਵੈਲ ਲਗਾਉਣ ਦੀ ਸਕੀਮ ਪਾਸ ਕਰਵਾਈ ਹੋਈ ਹੈ। ਮਾਲੀ ਪ੍ਰਬੰਧ ਹੋਣ ਤੇ ਹੋਰ ਡੂੰਘੇ ਟਿਊਬਵੈਲ ਲਗਾਉਣ ਦਾ ਕੰਮ ਅਰੰਭਿਆ ਜਾਵੇਗਾ ਤਾਂ ਕਿ ਜ਼ਿਲ੍ਹੇ ਦੇ ਹੋਰ ਬਰਾਨੀ ਪਏ ਨੀਮ ਪਹਾੜੀ ਇਲਾਕਿਆਂ ਦੀ ਸਿੰਚਾਈ ਕੀਤੀ ਜਾ ਸਕੇ। ਮਹਿਕਮਾਂ ਹੋਂਦ ਵਿਚ ਆਉਣ ਤੋਂ ਪਹਿਲਾਂ ਖੇਤੀ ਯੋਗ ਜ਼ਮੀਨ ਪਾਣੀ ਦਾ ਪ੍ਰਬੰਧ ਨਾ ਹੋਣ ਕਰਕੇ ਕੌਡੀਆਂ ਦੇ ਭਾਅ ਵਿਕ ਰਹੀ ਸੀ ਅਤੇ ਹੁਣ ਜ਼ਮੀਨ ਕੰਡੀ ਖੇਤਰ ਵਿਚ 3 ਲੱਖ ਰੁਪਏ ਪ੍ਰਤੀ ਏਕੜ ਤੋਂ ਵੱਧ ਵਿਕਦੀ ਹੈ। ਪੀ.ਐਸ.ਟੀ.ਸੀ. ਨੇ ਅਸੰਭਵ ਕਾਰਜ ਨੂੰ ਸੰਭਵ ਕਰਦੇ ਹੋਏ ਜ਼ਿਲ੍ਹੇ ਵਿਚ ਹਰੀ ਕ੍ਰਾਂਤੀ ਲਿਆਂਦੀ ਹੈ। ਕਿਸਾਨਾਂ ਦਾ ਜੀਵਨ ਪੱਧਰ ਬੇਹੱਦ ਉੱਚਾ ਚੁੱਕਿਆ ਜਾ ਸਕਿਆ ਹੈ। ਕਈ ਹੋਰ ਲੋਕ ਵੀ ਜੋ ਖੇਤੀ ਨਾਲ ਜੁੜੇ ਹੋਏ ਹਨ, ਉਨ੍ਹਾਂ ਨੂੰ ਡੂੰਘੇ ਟਿਊਬਵੈਲਾਂ ਤੋਂ ਬੇਹੱਦ ਲਾਭ ਪ੍ਰਾਪਤ ਹੋਇਆ ਹੈ। ਜਿਨ੍ਹਾਂ ਬਲਾਕਾਂ ਜਿਵੇਂ ਕਿ

ਤਲਵਾੜਾ, ਮੁਕੇਰੀਆਂ, ਦਸੂਹਾ ਦਾ ਕੰਡੀ ਖੇਤਰ ਮਾਹਿਲਪੁਰ ਅਤੇ ਗੜ੍ਹਸ਼ੰਕਰ ਆਦਿ ਦੇ ਕੰਢੀ ਖੇਤਰ ਜਿਨ੍ਹਾਂ ਵਿਚ ਪੀਣ ਦੇ ਪਾਣੀ ਦੀ ਥੁੜ ਹੈ, ਇਨ੍ਹਾਂ ਬਲਾਕਾਂ ਦੇ ਲੋਕ ਕਾਫੀ ਹੱਦ ਤੱਕ ਪੀਣ ਦੇ ਪਾਣੀ ਦੀ ਪੂਰਤੀ ਵੀ ਇਨ੍ਹਾਂ ਟਿਊਬਵੈਲਾਂ ਤੋਂ ਕਰਦੇ ਹਨ।

ਪੀ.ਐਸ.ਟੀ.ਸੀ. ਟਿਊਬਵੈਲਾਂ ਨੂੰ 40 ਤੋਂ 50 ਹਾਰਸ ਪਾਵਰ ਦੀਆਂ ਸਬਮਰਸੀਬਲ ਮੋਟਰਾਂ ਰਾਹੀਂ ਚਲਾਇਆ ਜਾ ਰਿਹਾ ਹੈ। ਜ਼ਿਲ੍ਹੇ ਦੇ 370 ਟਿਊਬਵੈਲਾਂ ਨੂੰ ਚਲਾਉਣ ਤੇ ਸਾਲ ਦੌਰਾਨ ਲਗਭਗ 2 ਕਰੋੜ ਤੋਂ ਵੱਧ ਬਿਜਲੀ ਯੂਨਿਟਾਂ ਦੀ ਖਪਤ ਹੁੰਦੀ ਹੈ। ਇਕ ਯੂਨਿਟ ਤੇ ਵਿਭਾਗ ਦੇ ਲਗਭਗ 5.50 ਕਰੋੜ ਖਰਚ ਹੁੰਦੇ ਹਨ ਜਿਸ ਵਿਚ 4 ਰੁਪਏ ਪ੍ਰਤੀ ਯੂਨਿਟ ਬਿਜਲੀ ਬੋਰਡ ਦਾ ਖਰਚਾ ਹੈ। ਬਾਕੀ ਟਿਊਬਵੈਲਾਂ ਦੀ ਮੁਰੰਮਤ ਅਤੇ ਥੋੜੇ ਵਿਭਾਗੀ ਖਰਚੇ ਹਨ। ਹਰ ਸਾਲ 370 ਟਿਊਬਵੈਲਾਂ ਨੂੰ ਚਲਾਉਣ ਤੇ ਪੰਜਾਬ ਸਰਕਾਰ ਦਾ 11 ਕਰੋੜ ਤੋਂ ਵੱਧ ਖਰਚਾ ਆਉਂਦਾ ਹੈ। ਕਿਸਾਨਾਂ ਨੂੰ ਸਰਕਾਰ ਵਲੋਂ ਸਬਸਿਡੀ ਅਧਾਰਤ ਪਾਣੀ ਦਿੱਤਾ ਜਾ ਰਿਹਾ ਹੈ। ਉਨ੍ਹਾਂ ਪਾਸੋਂ ਕੰਡੀ ਖੇਤਰ ਵਿਚ ਸਿਰਫ 1 ਰੁ. ਪ੍ਰਤੀ ਯੂਨਿਟ ਅਤੇ ਨਾਲ ਕੰਡੀ ਖੇਤਰ ਵਿਚ 1.60 ਰੁਪਏ ਪ੍ਰਤੀ ਯੂਨਿਟ ਅਬਿਆਨਾ ਵਸੂਲ ਕੀਤਾ ਜਾਂਦਾ ਹੈ। ਕੁਲ ਖਰਚੇ 11 ਕਰੋੜ ਸਲਾਨਾ ਵਿਚੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਿਸਾਨਾਂ ਕੋਲੋਂ ਲਗਭਗ 2.32 ਕਰੋੜ ਅਬਿਆਨੇ ਵਜੋਂ ਲਏ ਜਾ ਰਹੇ ਹਨ ਜਦੋਂ ਕਿ ਇਕੱਲੇ ਇਸ ਜ਼ਿਲ੍ਹੇ ਵਿਚ 8.68 ਕਰੋੜ ਰੁਪਏ ਦੀ ਸਬਸਿਡੀ ਕਿਸਾਨਾਂ ਨੂੰ ਦਿੱਤੀ ਜਾ ਰਹੀ ਹੈ।

ਨੋਟ:- ਪੀ.ਐਸ.ਟੀ.ਸੀ. ਟਿਊਬਵੈਲਾਂ ਤੋਂ ਹਰ ਪ੍ਰਕਾਰ ਦੇ ਛੋਟੇ ਵੱਡੇ ਕਿਸਾਨ ਮਹਿਕਮੇ ਦੇ ਮਿਥੇ ਰੇਟਾਂ ਤੇ ਪਾਣੀ ਲੈ ਸਕਦੇ ਹਨ ਬਸ਼ਰਤੇ ਕਿ ਉਹਨਾਂ ਦਾ ਰਕਬਾ ਟਿਊਬਵੈਲਾਂ ਦੇ ਮਨਜੂਰ ਚੱਕ ਅੰਦਰ ਸ਼ਾਮਲ ਹੋਵੇ। ਹਰੇਕ ਜ਼ਿਮੀਂਦਾਰ ਨੂੰ ਪਾਣੀ ਦੀ ਵੰਡ ਉਸ ਦੀ ਚੱਕ ਅੰਦਰ ਪੈਂਦੀ ਜ਼ਮੀਨ ਮੁਤਾਬਕ ਹੀ ਕੀਤੀ ਜਾਂਦੀ ਹੈ ਅਤੇ ਪਾਣੀ ਦੀ ਵੰਡ ਬਿਨਾਂ ਕਿਸੇ ਭੇਦ ਭਾਵ ਕੀਤੀ ਜਾਂਦੀ ਹੈ।